TIPS FOR PARENTS

# Special Education



# ਖਾਸ ਪੜ੍ਹਾਈ (ਸਪੈਸ਼ਲ ਐਜੂਕੇਸ਼ਨ)

## *ਮਾਤਾ-ਪਿਤਾ ਲਈ ਸੁਝਾਅ*

ਅਜਿਹਾ ਵਕਤ ਸਭਨਾਂ ਵਿਦਿਆਰਥੀਆਂ ਨੂੰ ਪੇਸ਼ ਆਉਂਦਾ ਹੈ ਜਦੋਂ ਉਨ੍ਹਾਂ ਨੂੰ ਸਕੂਲ ਦੇ ਕੰਮ ਜਾਂ ਸਕੂਲ ਦੀ ਜ਼ਿੰਦਗੀ ਵਿਚ ਔਖਿਆਈ ਆਉਂਦੀ ਹੈ। ਪਰ ਕਈ ਵਿਦਿਆਰਥੀਆਂ ਨੂੰ ਕਿਸੇ ਖਾਸ ਪੜ੍ਹਾਈ ਜਾਂ ਸਪੈਸ਼ਲ ਐਜੂਕੇਸ਼ਨ (Special Education) ਪ੍ਰੋਗਰਾਮ ਤੋਂ ਮਦਦ ਵੀ ਲੈਣੀ ਪੈ ਸਕਦੀ ਹੈ।

ਹੋ ਸਕਦਾ ਹੈ ਕਿ ਇਸ ਗੱਲ ਦਾ ਪਤਾ ਸਭ ਤੋਂ ਪਹਿਲਾਂ ਮਾਪਿਆਂ ਨੂੰ ਲੱਗੇ ਕਿ ਸਕੂਲ ਵਿੱਚ ਉਨ੍ਹਾਂ ਦੇ ਬੱਚੇ ਨੂੰ ਔਕੜ ਮਹਿਸੂਸ ਹੋ ਰਹੀ ਹੈ, ਜਾਂ ਕੋਈ ਅਧਿਆਪਕ ਮਾਤਾ-ਪਿਤਾ ਨੂੰ ਦੱਸ ਸਕਦਾ ਹੈ ਕਿ ਉਨ੍ਹਾਂ ਦੇ ਬੱਚੇ ਨੂੰ ਵਧੀਕ ਜਾਂ ਚਲੰਤ ਹਿਮਾਇਤ ਦੀ ਲੋੜ ਹੋ ਸਕਦੀ ਹੈ।

### ਯਾਦ ਰੱਖਣ ਯੋਗ ਕੁੱਝ ਗੱਲਾਂ

- ਕਈ ਮੁੱਦੇ ਅਧਿਆਪਕ ਕਲਾਸਰੂਮ ਵਿੱਚ ਹੀ ਹੱਲ ਕਰ ਸਕਦਾ ਹੈ। ਇਸ ਲਈ ਜੇ ਤੁਹਾਨੂੰ ਆਪਣੇ ਬੱਚੇ ਦੀ ਕਾਰਗੁਜ਼ਾਰੀ ਬਾਰੇ ਕੋਈ ਤੌਖ਼ਲਾ ਹੈ ਤਾਂ ਪਹਿਲਾਂ ਅਧਿਆਪਕ ਨਾਲ ਗੱਲ ਕਰੋ।
- ਖਾਸ ਪੜ੍ਹਾਈ ਦੀ ਲੋੜ ਹੋਣਾ ਕੋਈ ਮਾੜੀ ਗੱਲ ਨਹੀਂ ਹੁੰਦੀ – ਸਿਰਫ਼ ਇੰਨ੍ਹੀ ਗੱਲ ਹੈ ਕਿ ਕਈ ਵਿਦਿਆਰਥੀ ਗੱਲ ਅਲੱਗ ਤਰੀਕੇ ਨਾਲ ਸਮਝਦੇ ਹਨ ਜਾਂ ਕਾਮਯਾਬ ਹੋਣ ਲਈ ਉਨ੍ਹਾਂ ਨੂੰ ਵਾਧੂ ਹਿਮਾਇਤ ਦੀ ਲੋੜ ਪੈਂਦੀ ਹੈ।
- ਜੇ ਤੁਹਾਡਾ ਬੱਚਾ ਅੰਗਰੇਜ਼ੀ ਨਹੀਂ ਬੋਲਦਾ ਤਾਂ ਇਸ ਦਾ ਮਤਲਬ ਇਹ ਨਹੀਂ ਕਿ ਉਸ ਨੂੰ ਖਾਸ ਪੜ੍ਹਾਈ ਰਾਹੀਂ ਮਦਦ ਦੇਣ ਦੀ ਲੋੜ ਹੈ। ਕੁੱਝ ਮੁਸ਼ਕਲਾਂ ਕਿਸੇ ਨਵੀਂ ਬੋਲੀ ਅਤੇ ਸਕੂਲ ਮੁਤਾਬਕ ਢਲ਼ਣ ਦਾ ਕੁਦਰਤੀ ਹਿੱਸਾ ਹੁੰਦੀਆਂ ਹਨ। ਜੇ ਆਪਣੀ ਮਾਂ-ਬੋਲੀ ਵਿੱਚ ਵਿਦਿਆਰਥੀ ਦੇ ਅਕਾਦਮਿਕ ਹੁਨਰਾਂ ਬਾਰੇ ਪ੍ਰਿੰਸੀਪਲ ਨੂੰ ਦੱਸਿਆ ਜਾਵੇ ਤਾਂ ਫਾਇਦਾ ਹੋ ਸਕਦਾ ਹੈ।
- ਖਾਸ ਪੜ੍ਹਾਈ ਹਾਸਲ ਕਰਨ ਦੀ ਕਾਰਵਾਈ ਦੇ ਕਈ ਹਿੱਸੇ ਹੋ ਸਕਦਾ ਹੈ ਕਿ ਉਲ਼ਝਾਉਣ ਵਾਲੇ ਲੱਗਣ ਅਤੇ ਇਸ ਦੇ ਕਈ ਨਾਵਾਕਫ਼ ਜਿਹੇ ਨਾਮ ਵੀ ਹੋ ਸਕਦੇ ਹਨ। ਜੇ ਕਿਸੇ ਗੱਲ ਦੀ ਸਮਝ ਨਾ ਲੱਗੇ ਤਾਂ ਹਮੇਸ਼ਾ ਸਵਾਲ ਪੁੱਛੋ।
- ਖਾਸ ਪੜ੍ਹਾਈ ਵਿੱਚ ਮਾਤਾ-ਪਿਤਾ ਇੱਕ ਅਹਿਮ ਹਿੱਸਾ ਪਾਉਂਦੇ ਹਨ। ਆਪਣੇ ਬੱਚੇ ਲਈ ਮਦਦ ਮੰਗਣਾ ਅਤੇ ਬਜ਼ਿੱਦ ਰਹਿਣਾ ਕੋਈ ਗ਼ਲਤ ਗੱਲ ਨਹੀਂ ਹੁੰਦਾ।

### ਖਾਸ ਪੜ੍ਹਾਈ ਹੁੰਦੀ ਕੀ ਹੈ?

ਅਜਿਹੇ ਵਿਦਿਆਰਥੀ ਜਿਨ੍ਹਾਂ ਨੂੰ ਸਕੂਲ ਵਿੱਚ ਕਾਮਯਾਬੀ ਹਾਸਲ ਕਰਨ ਲਈ ਪੜ੍ਹਾਈ ਦੇ ਵੱਖਰੇ ਤਰੀਕਿਆਂ ਜਾਂ ਖਾਸ ਸਾਜ਼ੋ-ਸਾਮਾਨ ਦੀ ਲੋੜ ਪਵੇ, ਉਨ੍ਹਾਂ ਨੂੰ ਮੁਹੱਈਆ ਕੀਤੀਆਂ ਜਾਣ ਵਾਲੀਆਂ ਹਿਮਾਇਤਾਂ ਅਤੇ ਪ੍ਰੋਗਰਾਮਾਂ ਦੀ ਇੱਕ ਵੱਡੀ ਵੰਨਗੀ ਨੂੰ ਖਾਸ ਪੜ੍ਹਾਈ ਦਾ ਨਾਮ ਦਿੱਤਾ ਗਿਆ ਹੈ।

ਖਾਸ ਵਿੱਦਿਅਕ ਹਿਮਾਇਤ ਦਾ ਮਤਲਬ ਕਈ ਵਾਰੀ ਪੜ੍ਹਾਈ ਦੇ ਵੱਖਰੇ ਤਰੀਕੇ, ਕਈ ਵਾਰੀ ਇਮਤਿਹਾਨ ਪੂਰਾ ਕਰਨ ਲਈ ਵਾਧੂ ਸਮਾਂ, ਜਾਂ ਕਈ ਵਾਰੀ ਸਕੂਲ ਦਾ ਕੰਮ-ਕਾਜ ਕਰਨ ਲਈ ਵਧੀਕ ਸਾਜ਼ੋ-ਸਾਮਾਨ ਹੁੰਦਾ ਹੈ। ਖਾਸ ਪੜ੍ਹਾਈ ਦੇ ਪ੍ਰੋਗਰਾਮ ਵਿੱਚ ਵਿਦਿਆਰਥੀਆਂ ਨੂੰ ਸਾਰਾ ਦਿਨ ਜਾਂ ਦਿਨ ਦਾ ਕੁੱਝ ਸਮਾਂ ਵੱਖਰੀਆਂ ਕਲਾਸਾਂ ਵਿੱਚ ਪਾਇਆ ਜਾ ਸਕਦਾ ਹੈ, ਜਾਂ ਉਹ ਆਪਣੀ ਬਾਕਾਇਦਾ ਕਲਾਸ ਵਿੱਚ ਹੀ ਕਿਸੇ ਵਿੱਦਿਅਕ ਸਹਾਇਕ ਦੀ ਮਦਦ ਨਾਲ ਬੈਠ ਸਕਦੇ ਹਨ।

ਯਾਦ ਰੱਖਣ ਲਈ ਸਭ ਤੋਂ ਅਹਿਮ ਗੱਲ ਇਹ ਹੈ ਕਿ ਖਾਸ ਪੜ੍ਹਾਈ ਦਾ ਮਕਸਦ ਤੁਹਾਡੇ ਬੱਚੇ ਨੂੰ ਸਕੂਲ ਵਿੱਚ ਕਾਮਯਾਬ ਹੋਣ ਵਿੱਚ ਮਦਦ ਦੇਣਾ ਹੈ।

### ਜੇ ਤੁਹਾਨੂੰ ਲੱਗੇ ਕਿ ਤੁਹਾਡੇ ਬੱਚੇ ਨੂੰ ਖਾਸ ਪੜ੍ਹਾਈ ਦੀ ਲੋੜ ਹੈ ਤਾਂ ਤੁਹਾਨੂੰ ਕੀ ਕਰਨਾ ਚਾਹੀਦਾ ਹੈ?

#### ਸਵਾਲ ਪੁੱਛੋ

- ਆਪਣੇ ਬੱਚੇ ਨੂੰ ਪੁੱਛੋ ਕਿ ਕੀ ਸਕੂਲ ਵਿਖੇ ਕੋਈ ਅਜਿਹੀਆਂ ਗੱਲਾਂ ਹਨ ਜੋ ਸਕੂਲ ਵਿੱਚ ਲਗਾਤਾਰ ਔਖੀਆਂ ਲੱਗਦੀਆਂ ਹਨ।
- ਅਧਿਆਪਕ ਨੂੰ ਪੁੱਛੋ ਕਿ ਕੀ ਉਸ ਮੁਤਾਬਕ ਤੁਹਾਡੇ ਬੱਚੇ ਨੂੰ ਵਧੀਕ ਮਦਦ ਦੀ ਲੋੜ ਹੈ ਅਤੇ ਕੀ ਅਧਿਆਪਕ ਇਹ ਮਦਦ ਦੇ ਸਕਦਾ ਹੈ।
- ਕਈ ਸਰੀਰਕ ਨੁਕਸਾਂ (ਜਿਵੇਂ ਸੁਣਨ-ਸ਼ਕਤੀ, ਨਿਗਾਹ ਆਦਿ) ਦਾ ਸਿੱਖਣ ਦੀ ਕਾਬਲੀਅਤ 'ਤੇ ਅਸਰ ਪੈ ਸਕਦਾ ਹੈ, ਇਸ ਲਈ ਆਪਣੇ ਬੱਚੇ ਦੇ ਡਾਕਟਰ ਨਾਲ ਗੱਲ ਕਰਨਾ ਫਾਇਦੇਮੰਦ ਹੋ ਸਕਦਾ ਹੈ।

#### ਸਕੂਲ ਦੇ ਸਟਾਫ ਨੂੰ ਮਿਲੋ

- ਜੇ ਤੁਹਾਨੂੰ ਲੱਗੇ ਕਿ ਤੁਹਾਡੇ ਬੱਚੇ ਨੂੰ ਵਧੇਰੇ ਮਦਦ ਦੀ ਲੋੜ ਹੈ, ਪ੍ਰਿੰਸੀਪਲ ਜਾਂ ਵਾਈਸ-ਪ੍ਰਿੰਸੀਪਲ ਨੂੰ ਆਖੋ ਕਿ ਤੁਹਾਡੇ ਬੱਚੇ ਮੁਤੱਲਕ ਗੱਲ ਕਰਨ ਲਈ ਸਕੂਲ ਦੇ ਹੋਰ ਕਰਮਚਾਰੀਆਂ ਨਾਲ ਇੱਕ ਮੀਟਿੰਗ (ਜਿਸ ਨੂੰ *ਸਕੂਲ ਟੀਮ ਮੀਟਿੰਗ* ਕਿਹਾ ਜਾਂਦਾ ਹੈ) ਸੱਦੇ।
- ਮੀਟਿੰਗ ਲਈ ਤਿਆਰੀ ਕਰੋ। ਕਈ ਵਾਰੀ ਇਸ ਤਰ੍ਹਾਂ ਦੇ ਸਵਾਲ ਲਿਖ ਲੈਣਾ ਫਾਇਦੇਮੰਦ ਰਹਿੰਦਾ ਹੈ, ਜਿਵੇਂ:
    - ਕਾਮਯਾਬ ਹੋਣ ਲਈ ਮੇਰੇ ਬੱਚੇ ਨੂੰ ਕਿਸ ਤਰ੍ਹਾਂ ਦੀ ਹਿਮਾਇਤ ਜਾਂ ਪ੍ਰੋਗਰਾਮਾਂ ਦੀ ਲੋੜ ਪਵੇਗੀ?
    - ਸਕੂਲ ਵੱਲੋਂ ਕੀ ਸਹੂਲਤ ਪੇਸ਼ ਕੀਤੀਆਂ ਜਾਂਦੀਆਂ ਹਨ?
    - ਕੀ ਸਹੀ ਪ੍ਰੋਗਰਾਮ ਵਿੱਚ ਦਾਖ਼ਲਾ ਪਾਉਣ ਲਈ ਮੇਰੇ ਬੱਚੇ ਨੂੰ ਲੰਮਾਂ ਸਮਾਂ ਇੰਤਜ਼ਾਰ ਕਰਨਾ ਪਵੇਗਾ?
- ਸਕੂਲ ਦੇ ਕਰਮਚਾਰੀਆਂ *ਸਕੂਲ ਟੀਮ ਮੀਟਿੰਗ* ਵੇਲ਼ੇ ਹੇਠ ਲਿਖਿਆਂ ਵਿੱਚੋਂ ਇੱਕ ਜਾਂ ਵਧੇਰੇ ਬਦਲ ਸੁਝਾਅ ਸਕਦੇ ਹਨ:
    - ਕਿ ਅਧਿਆਪਕ ਕਲਾਸਰੂਮ ਵਿੱਚ ਹੀ ਹਿਮਾਇਤ ਜਾਰੀ ਰੱਖੇ;
    - ਕਿ ਅਧਿਆਪਕ ਇੱਕ ਵਿਅਕਤੀਗਤ ਵਿੱਦਿਅਕ ਯੋਜਨਾ (Individual Education Plan ਜਾਂ IEP, ਜਿਸ ਦਾ ਵੇਰਵਾ ਬਾਅਦ ਵਿੱਚ ਦਿੱਤਾ ਗਿਆ ਹੈ) ਬਣਾਵੇ;
    - ਕਿ ਵਿਦਿਆਰਥੀ ਦੀ ਕਾਬਲੀਅਤ ਦਾ ਬਾਕਾਇਦਾ ਜਾਇਜ਼ਾ ਲਿਆ ਜਾਵੇ ਕਿ ਕੀ ਉਸ ਦੀਆਂ ਖਾਸ ਲੋੜਾਂ ਹਨ, ਅਤੇ ਜੇ ਹਨ ਤਾਂ ਉਹ ਲੋੜਾਂ ਕੀ ਹਨ; **ਅਤੇ/ ਜਾਂ**
    - ਕਿ ਸਕੂਲ ਖਾਸ ਪੜ੍ਹਾਈ ਸੰਬੰਧੀ ਇੱਕ ਵਧੇਰੇ ਬਾਕਾਇਦਾ ਮੀਟਿੰਗ ਸੱਦੇ, ਜਿਸ ਨੂੰ ਆਈ.ਪੀ.ਆਰ.ਸੀ (Identification, Placement and Review Committee ਜਾਂ IPRC) ਕਿਹਾ ਜਾਂਦਾ ਹੈ।

people for Education
BECAUSE EDUCATION MATTERS MOST

Copies are available in several languages at *www.peopleforeducation.com.*

For more information, call 416-534-0100 or email: *info@peopleforeducation.com*
© People for Education 2009
THE ONTARIO TRILLIUM FOUNDATION
LA FONDATION TRILLIUM DE L'ONTARIO

toronto community foundation

# Special Education

## ਸਪੈਸ਼ਲ ਐਜੂਕੇਸ਼ਨ ਅਸੈੱਸਮੈਂਟ ਕੀ ਹੁੰਦੀ ਹੈ?

ਕਿਸੇ ਮਾਹਿਰ ਵੱਲੋਂ ਇਹ ਪਤਾ ਕਰਨ ਲਈ ਕਿਸੇ ਵਿਦਿਆਰਥੀ ਦੀ ਕਾਬਲੀਅਤ ਦਾ ਜਾਇਜ਼ਾ ਲੈਣ ਨੂੰ ਸਪੈਸ਼ਲ ਐਜੂਕੇਸ਼ਨ ਅਸੈੱਸਮੈਂਟ ਕਿਹਾ ਜਾਂਦਾ ਹੈ ਕਿ ਕੀ ਵਿਦਿਆਰਥੀ ਦੀਆਂ ਕੋਈ ਖਾਸ ਲੋੜਾਂ ਹਨ, ਅਤੇ ਜੇ ਹਨ ਤਾਂ ਕੀ ਹਨ। ਸੰਬੰਧਤ ਪ੍ਰਿੰਸੀਪਲ ਜਾਂ ਵਾਈਸ-ਪ੍ਰਿੰਸੀਪਲ ਤੁਹਾਨੂੰ ਦੱਸ ਸਕਦਾ ਹੈ ਕਿ ਆਪਣੇ ਬੱਚੇ ਦੀ ਕਾਬਲੀਅਤ ਦਾ ਜਾਇਜ਼ਾ ਲਵਾਉਣ ਲਈ ਤੁਹਾਨੂੰ ਕੀ ਕਰਨਾ ਪਵੇਗਾ। ਪਰ ਹੋ ਸਕਦਾ ਹੈ ਕਿ ਜਾਇਜ਼ਾ ਲਵਾਉਣ ਲਈ ਤੁਹਾਨੂੰ ਉਡੀਕ ਕਰਨੀ ਪਵੇ।

## ਆਈ.ਈ.ਪੀ. ਕੀ ਹੁੰਦੀ ਹੈ?

ਵਿਕਅਤੀਗਤ ਵਿੱਦਿਅਕ ਯੋਜਨਾ ਜਾਂ ਆਈ.ਈ.ਪੀ. ਵਿੱਚ ਇਹ ਬਿਆਨ ਕੀਤਾ ਹੁੰਦਾ ਹੈ ਕਿ ਤੁਹਾਡੇ ਬੱਚੇ ਦੀ ਮਦਦ ਲਈ ਸਕੂਲ ਵੱਲੋਂ ਕੀ ਕੀਤਾ ਜਾਵੇਗਾ। ***ਆਈ.ਈ.ਪੀ. ਹਾਸਲ ਕਰਨ ਲਈ ਕਿਸੇ ਬੱਚੇ ਦੀ ਕਾਬਲੀਅਤ ਦਾ ਬਾਕਾਇਦਾ ਜਾਇਜ਼ਾ ਲਏ ਜਾਣ ਦੀ ਲੋੜ ਨਹੀਂ ਹੁੰਦੀ।***

ਆਈ.ਈ.ਪੀ. ਵਿੱਚ ਹੇਠ ਲਿਖੀਆਂ ਚੀਜ਼ਾਂ ਸ਼ਾਮਲ ਹੁੰਦੀਆਂ ਹਨ:

- ਵਿਦਿਆਰਥੀ ਦੀਆਂ ਖੂਬੀਆਂ ਅਤੇ ਲੋੜਾਂ ਦੀ ਇੱਕ ਸੂਚੀ;
- ਵਿਦਿਆਰਥੀ ਨੂੰ ਮਿਲਣ ਵਾਲੀਆਂ ਖਾਸ ਸੇਵਾਵਾਂ ਦੀ ਇੱਕ ਰੂਪ-ਰੇਖਾ, ਇਹ ਸੇਵਾਵਾਂ ਕਦੋਂ ਅਤੇ ਕਿੱਥੇ ਮੁਹੱਈਆ ਕੀਤੀਆਂ ਜਾਣਗੀਆਂ ਅਤੇ ਕੌਣ ਮੁਹੱਈਆ ਕਰੇਗਾ;
- ਇਸ ਗੱਲ ਦਾ ਵੇਰਵਾ ਕਿ ਵਿਦਿਆਰਥੀ ਦੀ ਕਾਬਲੀਅਤ ਕਿਵੇਂ ਮਾਪੀ ਜਾਵੇਗੀ ਅਤੇ ਇਸ 'ਤੇ ਮੁੜ-ਵਿਚਾਰ ਕਿਵੇਂ ਕੀਤਾ ਜਾਵੇਗਾ;
- ਵਰ੍ਹੇ ਦੌਰਾਨ ਵਿਦਿਆਰਥੀ ਅਤੇ ਅਧਿਆਪਕ ਵੱਲੋਂ ਹਾਸਲ ਕਰਨ ਹਿਤ ਤੈਅ ਕੀਤੇ ਟੀਚਿਆਂ ਦਾ ਸੈੱਟ; ਅਤੇ
- ਮੁਹੱਈਆ ਕੀਤੇ ਜਾਣ ਵਾਲੇ ਕਿਸੇ ਵੀ ਅਹਿਮ ਸਾਜ਼ੋ-ਸਾਮਾਨ ਦੀ ਸੂਚੀ।

ਤੁਹਾਡੇ ਬੱਚੇ ਨੂੰ ਕਿਸੇ ਖਾਸ ਪ੍ਰੋਗਰਾਮ ਵਿੱਚ ਪਾਏ ਜਾਣ ਦੇ 30 ਸਕੂਲੀ ਦਿਨਾਂ ਦੇ ਅੰਦਰ-ਅੰਦਰ ਆਈ.ਪੀ.ਸੀ. ਮੁਕੰਮਲ ਕਰ ਦਿੱਤੀ ਜਾਣੀ ਚਾਹੀਦੀ ਹੈ।

## ਆਈ.ਪੀ.ਆਰ.ਸੀ. ਕੀ ਹੁੰਦੀ ਹੈ?

ਕਈ ਵਾਰੀ ਸਕੂਲ ਟੀਮ ਇਸ ਗੱਲ ਦੀ ਸਿਫਾਰਸ਼ ਕਰਦੀ ਹੈ ਕਿ ਸਕੂਲ ਇੱਕ ਆਈਡੈਂਟੀਫਿਕੇਸ਼ਨ ਪਲੇਸਮੈਂਟ ਐਂਡ ਰਿਵੀਊ ਕਮੇਟੀ (Identification Placement and Review Committee ਜਾਂ IPRC) ਬਣਾਵੇ ਜੋ ਇਸ ਗੱਲ ਦਾ ਮਨਜ਼ੂਰਸ਼ੁਦਾ ਕਾਰਣ ਲੱਭਦੀ ਹੈ ਕਿ ਬੱਚੇ ਨੂੰ ਕਾਮਯਾਬ ਹੋਣ ਲਈ ਕੀ ਕੀਤੇ ਜਾਣ ਦੀ ਲੋੜ ਹੈ (ਜਿਨ੍ਹਾਂ ਨੂੰ ਅਕਸਰ "ਵਿਸ਼ੇਸ਼ ਲੋੜਾਂ" ਜਾਂ "ਅਪਵਾਦ" ਕਿਹਾ ਜਾਂਦਾ ਹੈ)।

ਆਈ.ਪੀ.ਆਰ.ਸੀ. ਲਈ ਬੇਨਤੀ ਮਾਪਿਆਂ ਜਾਂ ਸਕੂਲ ਵੱਲੋਂ ਕੀਤੀ ਜਾ ਸਕਦੀ ਹੈ। ਇੱਕ ਵਾਰੀ ਮਾਤਾ-ਪਿਤਾ ਲਿਖਤੀ ਦਰਖ਼ਾਸਤ ਦੇ ਦੇਣ, ਫਿਰ ਲਾਜ਼ਮੀ ਤੌਰ 'ਤੇ ਆਈ.ਪੀ.ਆਰ.ਸੀ. ਬੁਲਾਉਣੀ ਹੀ ਪੈਂਦੀ ਹੈ। ਸਕੂਲ ਵੱਲੋਂ ਮਾਪਿਆਂ ਨੂੰ ਆਈ.ਪੀ.ਆਰ.ਸੀ. ਬਾਰੇ ਦੱਸਣਾ ਹੀ ਪੈਂਦਾ ਹੈ, ਅਤੇ **ਮਾਪਿਆਂ ਲਈ ਇਸ ਵਿੱਚ ਹਾਜ਼ਰ ਹੋਣਾ ਬਹੁਤ ਅਹਿਮ** ਹੁੰਦਾ ਹੈ। ਆਈ.ਪੀ.ਆਰ.ਸੀ. ਮਨਜ਼ੂਰਸ਼ੁਦਾ ਤੌਰ 'ਤੇ ਇਹ ਤੈਅ ਕਰਦੀ ਹੈ ਕਿ:

- ਕੀ ਵਿਦਿਆਰਥੀ ਦੀਆਂ ਸਿੱਖ ਸਕਣ ਦੀ ਕਾਬਲੀਅਤ ਨਾਲ ਸੰਬੰਧਤ ਕੋਈ ਖਾਸ ਲੋੜਾਂ ਹਨ,
- ਸਿੱਖ ਸਕਣ ਦੀ ਕਾਬਲੀਅਤ ਨਾਲ ਸੰਬੰਧਤ ਵਿਦਿਆਰਥੀ ਦੀਆਂ ਲੋੜਾਂ ਕਿਸ ਤਰ੍ਹਾਂ ਹਨ, ਅਤੇ
- ਵਿਦਿਆਰਥੀ ਲਈ ਸਭ ਤੋਂ ਵਧੀਆ ਪ੍ਰੋਗਰਾਮ ਕਿਹੜਾ ਹੈ।

## ਆਈ.ਪੀ.ਆਰ.ਸੀ. ਵਿਖੇ ਕੀ ਹੁੰਦਾ ਹੈ, ਅਤੇ ਕੀ ਮਾਪੇ ਵੀ ਇਸ ਵਿੱਚ ਕੋਈ ਹਿੱਸਾ ਪਾਉਂਦੇ ਹਨ?

ਆਈ.ਪੀ.ਆਰ.ਸੀ. ਦੀ ਕਿਸੇ ਮੀਟਿੰਗ ਵਿੱਚ ਆਮ ਤੌਰ 'ਤੇ ਵਿਦਿਆਰਥੀ ਦਾ ਅਧਿਆਪਕ ਅਤੇ/ਜਾਂ ਗਾਈਡੈਂਸ ਕੌਂਸਲਰ, ਪ੍ਰਿੰਸੀਪਲ, ਇੱਕ ਮਨੋਵਿਗਿਆਨਕ, ਸਕੂਲ ਬੋਰਡ ਦਾ ਇੱਕ ਨੁਮਾਇੰਦਾ ਅਤੇ ਮਾਤਾ-ਪਿਤਾ ਸ਼ਾਮਲ ਹੁੰਦੇ ਹਨ।

ਸਟਾਫ ***ਅਤੇ*** ਮਾਤਾ-ਪਿਤਾ ਤੋਂ ਮਿਲੀ ਜਾਣਕਾਰੀ ਵਰਤਦਿਆਂ ਕਮੇਟੀ ਵਿਦਿਆਰਥੀ ਨੂੰ ਕਿਸੇ ਪ੍ਰੋਗਰਾਮ ਵਿੱਚ ਪਾਉਣ ਦੀ ਸਿਫਾਰਸ਼ ਕਰਦੀ ਹੈ ਅਤੇ ਮਾਤਾ-ਪਿਤਾ ਨੂੰ ਇੱਕ ਦਸਤਾਵੇਜ਼ 'ਤੇ ਇਹ ਸਹਿਮਤੀ ਦੇਣ ਲਈ ਦਸਤਖ਼ਤ ਕਰਨ ਲਈ ਆਖਿਆ ਜਾਂਦਾ ਹੈ ਕਿ ਉਹ ਕਮੇਟੀ ਦੀਆਂ ਸਿਫਾਰਸ਼ਾਂ ਨਾਲ ਸਹਿਮਤ ਹਨ। ਇਹ ਫੈਸਲਾ ਕਰਨ ਤੋਂ ਪਹਿਲਾਂ ਕਿ ਇਸ 'ਤੇ ਦਸਤਖ਼ਤ ਕਰਨੇ ਹਨ ਜਾਂ ਨਹੀਂ, ਤੁਸੀਂ ਇਸ ਦਸਤਾਵੇਜ਼ ਨੂੰ ਘਰ ਲਿਜਾ ਕੇ ਪੜ੍ਹ ਸਕਦੇ ਹੋ।

ਆਈ.ਪੀ.ਆਰ.ਸੀ. ਲਈ ਕੁਝ ਸੁਝਾਅ:

- ਤੁਸੀਂ ਘਰ ਦੇ ਕਿਸੇ ਜੀਅ ਜਾਂ ਬੱਚੇ ਨਾਲ ਵਾਕਫ਼ ਕਿਸੇ ਦੋਸਤ ਨੂੰ ਮੀਟਿੰਗ ਵਿੱਚ ਲਿਆ ਸਕਦੇ ਹੋ।
- ਬੱਚੇ ਦੇ ਕਿਸੇ ਵੀ ਨੁਕਸ ਜਾਂ ਸਿੱਖ ਸਕਣ ਦੀ ਉਸ ਦੀ ਕਾਬਲੀਅਤ ਨਾਲ ਸੰਬੰਧਤ ਡਾਕਟਰੀ ਨੋਟ ਜਾਂ ਜਾਇਜ਼ੇ ਨਾਲ ਲੈ ਕੇ ਆਉ।
- ਕਮੇਟੀ ਨੂੰ ਇਹ ਧਿਆਨ ਵਿੱਚ ਰੱਖਣ ਵਿੱਚ ਮਦਦ ਦੇਣ ਲਈ ਕਿ ਕਿਸ ਬੱਚੇ ਦੀ ਗੱਲ ਹੋ ਰਹੀ ਹੈ, ਬੱਚੇ ਦੀ ਇੱਕ ਫੋਟੋ ਨਾਲ ਲੈ ਲਉ।
- ਜੇ ਕਿਸੇ ਖਾਸ ਪ੍ਰੋਗਰਾਮ ਦੀ ਸਿਫਾਰਸ਼ ਕੀਤੀ ਜਾਵੇ ਤਾਂ ਤੁਸੀਂ ਉਸ ਨੂੰ ਵੇਖਣ ਜਾਣ ਲਈ ਆਖ ਸਕਦੇ ਹੋ।
- ਜੇ ਤੁਸੀਂ ਆਈ.ਪੀ.ਆਰ.ਸੀ. ਦੇ ਫੈਸਲੇ ਨਾਲ ਸਹਿਮਤ ਨਹੀਂ ਹੁੰਦੇ ਤਾਂ ਤੁਸੀਂ ਇਸ ਦੇ ਖਿਲਾਫ਼ ਅਪੀਲ ਕਰ ਸਕਦੇ ਹੋ।
- ਆਈ.ਪੀ.ਆਰ.ਸੀ. ਦੀ ਕਾਰਵਾਈ ਬੜੀ ਬਾਕਾਇਦਗੀ ਵਾਲੀ ਲੱਗ ਸਕਦੀ ਹੈ ਪਰ ਇਸ ਨਾਲ ਤੁਹਾਨੂੰ ਅਤੇ ਤੁਹਾਡੇ ਬੱਚੇ ਨੂੰ ਚਲੰਤ ਹਿਮਾਇਤ ਹਾਸਲ ਕਰਨ ਦਾ ਹੱਕ ਮਿਲ ਜਾਂਦਾ ਹੈ, ਜਿਸ ਨਾਲ ਸਕੂਲ ਵਿੱਚ ਕਾਮਯਾਬ ਹੋਣ ਵਿੱਚ ਉਸ ਨੂੰ ਮਦਦ ਮਿਲੇਗੀ।

## ਕੀ ਸਮਾਂ ਪਾ ਕੇ ਮੇਰੇ ਬੱਚੇ ਨੂੰ ਮਿਲਦੀ ਹਿਮਾਇਤ ਬਦਲ ਜਾਵੇਗੀ?

- ਹਰ ਸਕੂਲੀ ਵਰ੍ਹੇ ਵਿੱਚ ਇੱਕ ਵਾਰੀ ਤੁਹਾਡੇ ਬੱਚੇ ਦੇ ਪ੍ਰੋਗਰਾਮ 'ਤੇ ਮੁੜ-ਵਿਚਾਰ ਕੀਤੀ ਜਾਵੇਗੀ – ਮੁੜ-ਵਿਚਾਰ ਦਾ ਸਮਾਂ ਆਉਣ 'ਤੇ ਤੁਸੀਂ ਹਮੇਸ਼ਾ ਤਬਦੀਲੀਆਂ ਕੀਤੇ ਜਾਣ ਜਾਂ ਵਧੇਰੇ ਜਾਣਕਾਰੀ ਦੀ ਮੰਗ ਕਰ ਸਕਦੇ ਹੋ।

## ਮਾਤਾ-ਪਿਤਾ ਮਦਦ ਕਿੱਥੋਂ ਹਾਸਲ ਕਰ ਸਕਦੇ ਹਨ?

- ਜਾਣਕਾਰੀ ਲਈ ਸੰਬੰਧਤ ਅਧਿਆਪਕ, ਪ੍ਰਿੰਸੀਪਲ, ਜਾਂ ਗਾਈਡੈਂਸ ਕੌਂਸਲਰ ਨੂੰ ਆਖੋ।
- ਖਾਸ ਪੜ੍ਹਾਈ ਨਾਲ ਸੰਬੰਧਤ ਅਦਾਰਿਆਂ ਬਾਰੇ "ਪੀਪਲ ਫ਼ਾਰ ਐਜੂਕੇਸ਼ਨ" ਹੇਠ ਲਿਖੇ ਲਿੰਕ 'ਤੇ ਵਧੇਰੇ ਜਾਣਕਾਰੀ ਮੁਹੱਈਆ ਕਰਦਾ ਹੈ: http://www.peopleforeducation.com/links/special_needs
- ਜੇ ਤੁਹਾਡਾ ਕੋਈ ਸਕੂਲ ਸੈਟਲਮੈਂਟ ਵਰਕਰ ਹੋਵੇ, ਉਹ ਖਾਸ ਪੜ੍ਹਾਈ ਦੀ ਕਾਰਵਾਈ ਬਿਆਨ ਕਰਨ ਵਿੱਚ ਮਦਦ ਕਰ ਸਕਦਾ ਹੈ।
- ਹੋਰ ਮਾਤਾ-ਪਿਤਾ ਵੀ ਇੱਕ ਵਡਮੁੱਲਾ ਸ੍ਰੋਤ ਬਣ ਸਕਦੇ ਹਨ – ਸੰਬੰਧਤ ਸਕੂਲ ਵਿਚਲੇ ਹੋਰ ਮਾਤਾ-ਪਿਤਾ ਨਾਲ ਇਸ ਬਾਰੇ ਗੱਲ ਕਰੋ ਕਿ ਖਾਸ ਪੜ੍ਹਾਈ ਦੀ ਕਾਰਵਾਈ ਕਿਵੇਂ ਚੱਲਦੀ ਹੈ।

people for Education
BECAUSE EDUCATION MATTERS MOST

People for Education is an independent parents' group working to support public education in Ontario's English, French and Catholic schools.

**You can reach us at:** P.O. Box 64, Station P, Toronto, Ontario, M5S 2S6
Phone: 416-534-0100 • fax: 416-536-0100 • email: *info@peopleforeducation.com* or visit: *www.peopleforeducation.com*